IJFANS INTERNATIONAL JOURNAL OF FOOD AND NUTRITIONAL SCIENCES
ISSN PRINT 2319 1775 Online 2320 7876
Research Paper © 2012 IJFANS. All Rights Reserved, Journal UGC CARE Listed (Group-I) Volume 11,Sp Iss 07 2022

# Surjit Patar: A Poetic Journey from Despair to Hope

**Dr. Harbans Singh**
Professor, Department of Punjabi, Sri Guru Tegh Bahadur Khalsa College University of Delhi
Email- drbaikunth64@gmail.com

## ਨਿਰਾਸ਼ਾ ਦੇ ਪੈਰ ਅਤੇ ਆਸ਼ਾ ਦੇ ਸਿਰ ਵਾਲਾ ਸ਼ਾਇਰ : ਸੁਰਜੀਤ ਪਾਤਰ

"ਬੰਦ ਨ ਕਰ ਤੂੰ ਸ਼ਬਦ ਕੋਸ਼ ਨੂੰ

ਕਾਇਮ ਰੱਖ ਵਿਵੇਕ ਹੋਸ਼ ਨੂੰ

ਦੱਦਾ ਦਰਦ ਦੇ ਨੇੜੇ ਤੇੜੇ

ਦੇਖੀਂ ਤੈਨੂੰ ਮਿਲ ਹੀ ਜਾਵਣਗੇ

ਧੱਧਾ ਧਰਵਾਸ ਦੇ ਦੀਵੇ"[1]

ਜਲੰਧਰ ਜ਼ਿਲ੍ਹੇ ਦੇ ਪਿੰਡ ਪੱਤੜ ਕਲਾਂ ਦਾ ਸੁਰਜੀਤ (ਹਵਾ ਵਿਚ ਲਿਖੇ ਹਰਫ਼-1979) ਕਾਵਿ ਸੰਗ੍ਰਹਿ (ਗਜ਼ਲਾਂ) ਨਾਲ ਸ਼ੁਰੂਆਤ ਕਰਕੇ ਕਦੋਂ ਪੱਤੜ ਤੋਂ ਪਾਤਰ ਹੋ ਕੇ ਪਦਮ ਸ੍ਰੀ ਸੁਰਜੀਤ ਪਾਤਰ ਹੋ ਨਿਬੜਦਾ ਹੈ ਇਸ ਵਿਚਕਾਰ ਇਕ ਲੰਮਾ ਸੰਘਰਸ਼ ਵੀ ਨਜ਼ਰੀ ਪੈਂਦਾ ਹੈ। ਉਹਨਾਂ ਦੀਆਂ ਰਚਨਾਵਾਂ ਵਿਚ ਕੇਵਲ ਕਵਿਤਾ ਈ ਨਹੀਂ ਸਗੋਂ ਗਜ਼ਲ, ਵਾਰਤਕ ਅਤੇ ਅਨੁਵਾਦ ਵੀ ਸ਼ਾਮਲ ਹੈ। ਸੁਰਜੀਤ ਪਾਤਰ ਆਪਣੇ ਇਕ ਗੀਤ ਰਾਹੀਂ ਦੱਸਦੇ ਹਨ ਕਿ ਕਿਵੇਂ ਉਹ ਨਿਵੇਕਲੇ ਰਾਹਾਂ ਦੇ ਪਾਂਧੀ ਸਨ।

"ਮੈਂ ਰਾਹਾਂ ਤੇ ਨਹੀਂ ਤੁਰਦਾ

ਮੈਂ ਤੁਰਦਾ ਹਾਂ ਤਾਂ ਰਾਹ ਬਣਦੇ"[2]

ਸੁਰਜੀਤ ਪਾਤਰ ਨੂੰ ਉਸ ਦੀਆਂ ਰਚਨਾਵਾਂ ਲਈ ਬਹੁਤ ਸਾਰੇ ਇਨਾਮ ਤੇ ਸਨਮਾਨ ਮਿਲ ਚੁੱਕੇ ਹਨ ਜਿੰਨ੍ਹਾਂ ਦੀ ਗਿਣਤੀ ਕਰਨਾ ਮੁਸ਼ਕਿਲ ਹੈ। ਮੁੱਖ ਸਨਮਾਨਾਂ ਵਿਚ ਪੰਜਾਬੀ ਸਾਹਿਤ ਅਕਾਦਮੀ ਪੁਰਸਕਾਰ(1978), ਭਾਸ਼ਾਂ ਵਿਭਾਗ ਵੱਲੋਂ ਗੁਰਮੁੱਖ ਸਿੰਘ ਮੁਸ਼ਾਫਿਰ ਪੁਰਸਕਾਰ(1979), ਪੰਜਾਬੀ ਸਾਹਿਤ ਅਕਾਦਮੀ ਵੱਲੋਂ ਕਰਤਾਰ ਸਿੰਘ ਧਾਲੀਵਾਲ ਪੁਰਸਕਾਰ(1985), ਸ.ਸ.ਮੀਸ਼ਾ ਪੁਰਸਕਾਰ(1993), ਸ਼ਿਵ ਕੁਮਾਰ ਬਟਾਲਵੀ ਪੁਰਸਕਾਰ (ਵਿਜ਼ਨ ਆਫ ਇੰਡੀਆ ਟਰਾਂਟੋ ਵੱਲੋ ਪਾਸ਼ ਯਾਦਗਾਰੀ ਪੁਰਸਕਾਰ(1991), ਪੰਜਾਬੀ ਸਾਹਿਤ ਅਕਾਦਮੀ ਦਿੱਲੀ ਵੱਲੋਂ ਦੋ ਸ਼ਤਾਬਦੀ ਕਵੀ ਪੁਰਸਕਾਰ(1995), ਸਾਹਿਤ ਅਕਾਦਮੀ(1993), ਭਾਸ਼ਾ ਪ੍ਰੀਸ਼ਦ ਵੱਲੋਂ ਪੰਜਨਦ ਪੁਰਸਕਾਰ(1999), ਅਮਨਦੀਪ ਯਾਦਗਾਰੀ ਇਨਾਮ(2000) ਅਤੇ ਹੋਰ ਬਹੁਤ ਸਾਰੇ ਇਨਾਮ ਪਾਤਰ ਦੀਆ ਰਚਨਾਵਾਂ ਨੂੰ ਮਿਲ ਚੁੱਕੇ ਹਨ।


IJFANS International Journal of Food And Nutritional Sciences
Official Publication of International Association of Food and Nutrition Scientists

IJFANS INTERNATIONAL JOURNAL OF FOOD AND NUTRITIONAL SCIENCES
ISSN PRINT 2319 1775 Online 2320 7876
Research Paper © 2012 IJFANS. All Rights Reserved, Journal UGC CARE Listed (Group-I) Volume 11,Sp Iss 07 2022

ਸੁਰਜੀਤ ਪਾਤਰ ਆਪਣੀ ਕਵਿਤਾ ਵਿਚ ਕੁਕਨੂਸ ਦੀ ਬਿਰਤੀ ਵਾਲਾ ਸ਼ਾਇਰ ਨਜ਼ਰ ਆਉਂਦਾ ਹੈ। ਉਸ ਦਾ ਕਾਵਿ-ਨਾਇਕ ਦੁੱਖਾਂ ਦੀ ਅੱਗ ਵਿਚ ਰਾਖ ਹੋ ਕੇ ਫਿਰ ਉਸ ਰਾਖ ਵਿਚੋਂ ਪੈਦਾ ਹੋਣ ਦੀ ਸੋਚ ਰੱਖਦਾ ਹੈ। ਪਾਤਰ ਦੀ ਜ਼ਿਆਦਾ ਕਵਿਤਾ ਅਣ-ਇੱਛਤ ਸਥਿਤੀ ਦੇ ਉਪਜਣ ਕਾਰਨ ਉਤਪੰਨ ਹੋਏ ਦਰਦ ਅਤੇ ਬੇਵੱਸੀ ਦੀ ਨਿਰਾਸ਼ਾ ਨਾਲ ਭਰੀ ਪਈ ਹੈ। ਇਹ ਨਿਰਾਸ਼ਾ ਘੋਰ ਨਿਰਾਸ਼ਾ ਨਹੀਂ ਹੈ, ਡੁਬਦੇ ਨੂੰ ਤਿਣਕੇ ਦੇ ਸਹਾਰੇ ਵਾਂਗ ਆਸ਼ਾ ਹਮੇਸ਼ਾ ਹੀ ਉਸ ਦੇ ਸ਼ੇਅਰਾਂ ਵਿਚ ਸ਼ਾਮਿਲ ਰਹਿੰਦੀ ਹੈ। ਪਾਤਰ ਦੇ ਕਈ ਸ਼ੇਅਰਾਂ ਵਿਚ ਇਹ ਆਸ਼ਾ ਏਨੀ ਤੀਬਰ ਹੈ ਕਿ ਪੈਦਾ ਹੋਈ ਸਥਿਤੀ ਦੇ ਵਿਚ ਹੀ ਸੁਪਨਿਆਂ ਦੀ ਨਵੀਂ ਫ਼ਸਲ ਉਗਾਉਣ ਦਾ ਹੋਕਾ ਦਿੰਦੀ ਹੈ-

"ਅੱਜ ਇਹਨਾਂ ਨੈਣਾਂ ਦੀ ਸ਼ਾਖ਼ 'ਤੇ

ਇਹ ਜੋ ਟਿੰਡ ਨੇ ਦੋ ਬਹਾਰ ਦੇ

ਇਹ ਗਵਾਹ ਨੇ ਹਾਲੇ ਮਰੇ ਨਹੀਂ

ਸਾਡੇ ਸੀਨਿਓਂ ਜਲ ਪਿਆਰ ਦੇ

ਹੁਣ ਇਸ ਨਮੀ ਦੇ ਹੀ ਆਸਰੇ

ਤੂੰ ਨਵੇਂ ਸੁਪਨ ਦੀ ਫ਼ਸਲ ਉਗਾ

ਉਠ ਜਾਗ ਸੂਰਜ ਨੂੰ ਸਿਰ ਝੁਕਾ

ਉਠ ਜਾਗ ਧਰਤੀ ਦਾ ਦੁੱਖ ਵੰਡਾ"[3]

ਸੁਰਜੀਤ ਪਾਤਰ ਕ੍ਰਾਂਤੀ ਦਾ ਆਸ਼ਿਕ ਸੀ। ਉਸ ਦਾ ਕਾਵਿ-ਨਾਇਕ ਕ੍ਰਾਂਤੀਕਾਰੀ ਤਾਂ ਨਹੀਂ ਪਰ ਕ੍ਰਾਂਤੀ ਦਾ ਪ੍ਰਸੰਸਕ ਜ਼ਰੂਰ ਹੈ। ਉਸ ਦੀ ਕਵਿਤਾ ਮਾਨਵਤਾ ਨੂੰ ਪਰਨਾਈ ਹੋਈ ਹੈ। ਉਹ ਮਨੁੱਖ ਦੀ ਹੋਂਦ ਅਤੇ ਹੋਣੀ ਦੀ ਬਾਤ ਪਾਉਂਦਾ ਹੈ। ਉਹ ਕਿਸੇ ਇਕ ਵਿਚਾਰਧਾਰਾ ਜਾਂ ਇਕ ਧਿਰ ਨਾਲ ਨਹੀਂ ਜੁੜਦਾ। ਇੰਝ ਲੱਗਦਾ ਹੈ ਕਿ ਪਾਤਰ ਦੀ ਕਵਿਤਾ ਵਿਚ ਜੋ ਦੁਬਿਧਾ ਨਜ਼ਰ ਆਉਂਦੀ ਹੈ ਉਹ ਉਸ ਦੀ ਤਰਕ ਕਰਨ ਦੀ ਬਿਰਤੀ ਕਾਰਨ ਹੈ। ਉਹ ਕਿਸੇ ਇਕ ਧਿਰ ਦੇ ਪੱਖ ਵਿਚ ਖੜ੍ਹਨ ਦੀ ਥਾਂ ਦੋਹਾਂ ਧਿਰਾਂ ਦੇ ਪੱਖਾਂ ਨੂੰ ਉਘਾੜਦਾ ਹੈ। ਇਸ ਦੁਬਿਧਾ ਵਿਚ ਹੀ ਮਨੁੱਖ ਦੀ ਅਣ-ਇੱਛਤ, ਖੌਫ਼ਨਾਕ ਹੋਂਦ ਅਤੇ ਹੋਣੀ ਛੁਪੀ ਹੋਈ ਹੈ। ਉਸ ਦੀਆਂ ਕਈ ਕਵਿਤਾਵਾਂ ਵਿਚ ਹੋਣੀ ਅਤੇ ਅਣ-ਇੱਛਾ ਨਜ਼ਰ ਆਉਂਦੀ ਹੈ। ਮਨੁੱਖ ਆਪਣੀ ਜ਼ਿੰਦਗੀ ਵਿਚ ਬਹੁਤੇ ਕੰਮ ਆਪਣੀ ਇੱਛਾ ਦੇ ਉਲਟ ਕਰਦਾ ਹੈ। ਭਾਵ ਕਿ ਉਹ ਕਰਨਾ ਕੁੱਝ ਹੋਰ ਚਾਹੁੰਦਾ ਹੈ ਪਰ ਕਰਦਾ ਜਾਂ ਉਸ ਨੂੰ ਕਰਨਾ ਕੁੱਝ ਹੋਰ ਪੈਂਦਾ ਹੈ। ਪਾਤਰ ਦੀ ਅਣ-ਇੱਛਤ ਹੋਂਦ ਉਸ ਦੀ ਕਵਿਤਾ 'ਕਵੀ ਸਾਹਿਬ' ਵਿਚ ਦੇਖੀ ਜਾਂ ਸਕਦੀ ਹੈ ਜਦ ਉਹ ਲਿਖਦਾ-

"ਪਹਿਲੀ ਸਤਰ ਲਿਖਦਾ ਹਾਂ ਤੇ ਕੱਟ ਦਿੰਦਾ ਹਾਂ

ਤੇ ਡਰ ਜਾਂਦਾ ਹਾਂ ਰਾਜੇ ਦੇ ਸਿਪਾਹੀਆਂ ਤੋਂ

Research Paper © 2012 IJFANS. All Rights Reserved, 

ਸਤਰ ਕੱਟ ਦਿੰਦਾ ਹਾਂ"[4]

ਉਸ ਦੀ ਕਵਿਤਾ ਵਿਚ ਇਸ ਅਣ-ਇਛਤ ਵਰਤਾਰੇ ਦੀ ਝਲਕਾਰ ਹਰ ਪਾਸੇ ਪਸਰੀ ਹੋਈ ਹੈ। ਇਸ ਅਣ-ਇਛਤ ਵਰਤਾਰੇ ਕਾਰਨ ਮਨੁੱਖ ਨਿਰਾਸ਼ਾ ਵਿਚ ਡੁੱਬਦਾ ਹੈ। ਪਾਤਰ ਦੀ ਕਵਿਤਾ ਦਾ ਇਕ ਪੱਲਾ ਨਿਰਾਸ਼ਾ ਵਿਚ ਡੁੱਬਿਆ ਹੋਣ ਦੇ ਬਾਵਜੂਦ ਦੂਸਰਾ ਪੱਲਾ ਆਸ਼ਾ ਨਾਲ ਲਬਰੇਜ਼ ਹੈ। ਸੁਰਜੀਤ ਪਾਤਰ ਦੀਆਂ ਕਵਿਤਾਵਾਂ ਅੰਦਰ ਸਮਕਾਲ ਦੀਆਂ ਸਮੱਸਿਆਵਾਂ ਅਤੇ ਸਰਬਕਾਲ ਦੇ ਮਸਲਿਆਂ ਦੀ ਹੋਂਦ ਵੀ ਨਜ਼ਰ ਆਉਂਦੀ ਹੈ। ਸੁਰਜੀਤ ਪਾਤਰ ਦੇ ਵਿਸ਼ਿਆਂ ਵਿਚ ਵੰਨ ਸਵੰਨਤਾ ਹੈ। ਉਸ ਨੇ ਪ੍ਰਗਤੀਵਾਦੀ ਵਿਚਾਰਧਾਰਾ ਅਨੁਸਾਰ ਔਰਤਾਂ ਦੀਆਂ ਸਮੱਸਿਆਵਾਂ ਨਾਲ ਸੰਬੰਧਿਤ ਮਸਲੇ, ਬੇਕਾਰੀ ਦੀ ਸਮੱਸਿਆ, ਵਿਦੇਸ਼ ਵਿਚ ਰੁਲਦੇ ਲੋਕਾਂ ਦੇ ਦਰਦ, ਧਾਰਮਿਕ ਕੱਟੜਵਾਦ, ਫੋਕੇ ਕਰਮ-ਕਾਂਡ, ਸਮਾਜ ਵਿਚ ਫੈਲੇ ਭ੍ਰਿਸ਼ਟਾਚਾਰ ਵਰਗੇ ਵਿਸ਼ੇ ਆਪਣੀਆਂ ਲਿਖਤਾਂ ਵਿਚ ਪੇਸ਼ ਕੀਤੇ ਸਨ। ਅਜਿਹਾ ਮੰਨਿਆ ਜਾਂਦਾ ਹੈ ਕਿ ਸ਼ੁਰੂ-ਸ਼ੁਰੂ ਵਿਚ ਪਾਤਰ ਨੇ ਪਿਆਰ ਭਰੀ ਕਵਿਤਾ ਤੇ ਹੱਥ ਅਜਮਾਈ ਵੀ ਕੀਤੀ, ਉਸ ਨੇ ਧਾਰਮਿਕ, ਰਾਜਨੀਤਿਕ, ਆਰਥਿਕ ਅਤੇ ਸੱਭਿਆਚਾਰਕ ਮਸਲਿਆਂ ਨੂੰ ਪੂਰੀ ਬਾਰੀਕੀ ਨਾਲ ਪਰਖ ਕੇ ਆਪਣੀ ਕਵਿਤਾ ਵਿਚ ਪਰੋਇਆ।

"ਲੱਗੀ ਜੇ ਤੇਰੇ ਕਾਲਜੇ ਹਾਲੇ ਛੁਰੀ ਨਹੀਂ, ਇਹ ਨਾ ਸਮਝ ਕਿ ਸ਼ਹਿਰ ਦੀ ਹਾਲਤ ਬੁਰੀ ਨਹੀਂ, ਵਜਦਾ ਬਸੰਤ ਰਾਗ ਹੈ ਜੇ ਰੇਡੀਓ ਤੋਂ ਰੋਜ਼, ਮਤਲਬ ਨਾ ਲੈ ਕਿ ਪੌਣ ਖਿਜ਼ਾਂ ਦੀ ਤੁਰੀ ਨਹੀਂ"[5]

ਉਪਰੋਕਤ ਸਤਰਾਂ ਵਿਚ ਪ੍ਰਗਤੀਵਾਦ ਦੇ ਨਾਲ ਨਾਲ ਮਾਰਕਸਵਾਦੀ ਸੁਰ ਵੀ ਰੂਪਮਾਨ ਹੁੰਦੀ ਹੈ। ਜਿਸ ਸਮੇਂ ਦੇਸ਼ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨੇ ਪੂਰੇ ਦੇਸ਼ ਅੰਦਰ ਐਮਰਜੈਂਸੀ ਐਲਾਨ ਰੱਖੀ ਸੀ, ਲੋਕਾਂ ਦੇ ਹੱਕਾਂ ਤੇ ਸੰਘਰਸ਼ਾਂ ਨੂੰ ਜਬਰਦਸਤੀ ਦਬਾਇਆ ਜਾ ਰਿਹਾ ਸੀ। ਆਮ ਲੋਕਾਂ ਤੇ ਪੁਲਿਸ ਜਬਰ ਦਿਨੋ-ਦਿਨ ਵੱਧਦਾ ਜਾ ਰਿਹਾ ਸੀ। ਹਾਲਾਤ ਇੰਨੇ ਭੈ-ਭੀਤ ਕਰਨ ਵਾਲੇ ਸਨ ਕਿ ਲੋਕਤੰਤਰੀ ਦੇਸ਼ ਵਿਚ ਬੋਲਣ ਦੀ ਵੀ ਮਨਾਹੀ ਸੀ। ਇਸ ਬਾਰੇ ਪਾਤਰ ਲਿਖਦਾ ਹੈ -"ਮੈਂ ਤਾਂ ਬਸ ਇਨ੍ਹਾਂ ਕਿਹਾ ਸੀ ਨਾ ਜਲਾਓ ਫੁੱਲ, ਅੱਗ ਮੈਨੂੰ ਫੜ ਕੇ ਲੈ ਗਈ ਕਹਿ ਕੇ ਚੋਰ ਚੋਰ"[6]

ਸੁਰਜੀਤ ਪਾਤਰ ਧਾਰਮਿਕ ਕੱਟੜਤਾ ਅਤੇ ਫ਼ਿਰਕਾਪ੍ਰਸਤੀ ਨੂੰ ਵੀ ਦੋਹੇ ਹੱਥੀ ਲੈਂਦਾ ਹੈ। 1947 ਦੀ ਭਾਰਤ-ਪਾਕਿ ਵੰਡ ਜਿਸ ਦੌਰਾਨ ਲੱਖਾਂ ਪੰਜਾਬੀਆਂ ਨੂੰ ਆਪਣੀ ਜਾਨ ਗੁਆਉਣੀ ਪਈ, ਔਰਤਾਂ ਦੀਆਂ ਇੱਜ਼ਤਾਂ ਨਾਲ ਖੇਡਿਆ ਗਿਆ, ਪੰਜਾਬ ਦੋ ਟੁਕੜਿਆਂ ਵਿਚ ਵੰਡਿਆ ਗਿਆ। ਪਾਤਰ ਨਹੀਂ ਚਾਹੁੰਦਾ ਕਿ ਸਾਨੂੰ ਦੁਬਾਰਾ ਇਸ ਤਰ੍ਹਾਂ ਦੀ ਸਥਿਤੀ ਦਾ ਸਾਹਮਣਾ ਕਰਨਾ ਪਵੇ ਕਿਉਂਕਿ ਉਸ ਵੰਡ ਦੇ ਜਖ਼ਮ ਅੱਜ ਵੀ ਹਰੇ ਹਨ, ਉਹ ਇਸ ਬਾਰੇ ਲਿਖਦਾ ਹੈ-

"ਉਦੋਂ ਵਾਰਿਸ ਸ਼ਾਹ ਨੂੰ ਵੰਡਿਆ ਸੀ, ਹੁਣ ਸ਼ਿਵ ਕੁਮਾਰ ਦੀ ਵਾਰੀ ਏ। ਉਹ ਜ਼ਖ਼ਮ ਪੁਰਾਣੇ ਭੁੱਲ ਵੀ ਗਏ? ਨਵਿਆਂ ਦੀ ਜੋ ਫੇਰ ਤਿਆਰੀ ਏ"[7]

ਉਹ ਰਾਜਨੀਤਿਕ ਲੋਕਾਂ ਵੱਲੋ ਅੱਤਵਾਦ ਵੱਖਵਾਦ ਦੌਰਾਨ ਸੇਕੀਆਂ ਰੋਟੀਆਂ ਤੇ ਵੀ ਵਿਅੰਗ ਕਰਦਾ ਹੋਇਆ ਲਿਖਦਾ ਹੈ-

"ਡੂੰਘੇ ਵੈਣਾਂ ਦਾ ਕੀ ਮਿਣਨਾ ਤਖ਼ਤ ਦੇ ਪਾਵੇ ਮਿਣੀਏ। ਜਦ ਤੱਕ ਉਹ ਲਾਂਸ਼ਾਂ ਗਿਣਦੇ ਨੇ ਆਪਾ ਵੋਟਾਂ ਗਿਣੀਏ"[8]

ਆਜ਼ਾਦੀ ਦੇ ਲੰਮੇ ਵਰ੍ਹੇਂ ਬੀਤ ਜਾਣ ਦੇ ਬਾਅਦ ਵੀ ਔਰਤ ਤੇਤੀ ਪ੍ਰਤੀਸ਼ਤ ਰਿਜ਼ਰਵੇਸ਼ਨ ਲਈ ਸੰਘਰਸ਼ ਕਰ ਰਹੀ ਹੈ। ਔਰਤ ਭਾਵੇਂ ਕਿ ਹਰ ਖੇਤਰ ਵਿਚ ਨਾਮਣਾ ਖੱਟ ਰਹੀ ਹੈ ਪਰ ਮਾਨਸਿਕ ਤੌਰ ਤੇ ਪਛੜਿਆ ਹੋਇਆ ਇਹ ਸਮਾਜ ਅੱਜ ਵੀ ਔਰਤ ਨੂੰ ਪੈਰ ਦੀ ਜੁੱਤੀ ਹੀ ਸਮਝਦਾ ਹੈ। ਔਰਤ ਦੀ ਤਰਸਯੋਗ ਸਥਿਤੀ ਬਾਰੇ ਪਾਤਰ ਲਿਖਦਾ ਹੈ-

"ਇਕ ਕੈਦ 'ਚੋਂ ਦੂਜੀ ਕੈਦ 'ਚ ਪਹੁੰਚ ਗਈ ਏ, ਕੀ ਖੱਟਆ ਮਹਿੰਦੀ ਲਾ ਕੇ ਵਟਣਾ ਮਲ਼ ਕੇ"[9]

ਸਵਰਾਜਬੀਰ ਸੁਰਜੀਤ ਪਾਤਰ ਬਾਰੇ ਲਿਖਦੇ ਹਨ, ਕਿ " ਸੁਰਜੀਤ ਪਾਤਰ ਪੰਜਾਬ ਦਾ ਸ਼ਾਇਰ ਸੀ/ਹੈ। ਪੰਜਾਬੀ ਸ਼ਾਇਰੀ ਦੀ ਜ਼ਮੀਨ 'ਤੇ ਤੁਰਦਿਆਂ ਉਸ ਨੇ ਇਹ ਹੱਕ ਲੰਮੇ ਸਫ਼ਰ ਬਾਅਦ ਹਾਸਲ ਕੀਤਾ, ਸ਼ਬਦ-ਸ਼ਬਦ ਸੰਘਰਸ਼, ਸ਼ਬਦ ਸੱਚ ਤੇ ਸੁਹਜ ਦੀ ਸਾਣ 'ਤੇ ਤਰਾਸ਼ੇ ਹੋਏ, ਕਵਿਤਾਵਾਂ ਤੇ ਗ਼ਜ਼ਲਾਂ ਵਿਚ ਨਗੀਨਿਆਂ ਵਾਂਗ ਜੜੇ ਹੋਏ"[10] ਸੁਰਜੀਤ ਪਾਤਰ ਲੋਕਾਂ ਦੇ ਸੰਘਰਸ਼ ਪ੍ਰਤੀ ਆਸ਼ਾਵਾਦ ਹੁੰਦਾ ਹੋਇਆ ਉਹਨਾਂ ਦੇ ਜੀਵਨ ਵਿਚ ਬਹਾਰਾਂ ਦੇ ਆਉਣ ਤੇ ਜਿੱਤ ਪ੍ਰਾਪਤੀ ਬਾਰੇ ਵੀ ਨਿਰਾਸ਼ਾ ਵਿਚੋਂ ਆਸ਼ਾ ਦੇ ਭਾਵਾ ਨੂੰ ਵੀ ਦ੍ਰਿਸ਼ਮਾਨ ਕਰਦਾ ਹੈ।

"ਬਲਦਾ ਬਿਰਖ ਹਾਂ, ਖਤਮ ਹਾਂ, ਬਸ ਸ਼ਾਮ ਤੀਕ ਹਾਂ। ਫਿਰ ਵੀ ਕਿਸੇ ਬਹਾਰ ਦੀ ਕਰਦਾ ਉਡੀਕ ਹਾਂ"[11]

ਮਨੁੱਖ ਦੀ ਹੋਂਦ ਅਤੇ ਨਿਰਾਸਾ ਦੀ ਬੇਰੰਗਤਾ ਨੂੰ ਆਸ ਦੇ ਰੰਗਾਂ ਨਾਲ ਰੰਗਦਾ ਉਹ ਕੁੱਲ ਦੁਨੀਆਂ ਦੇ ਔਰਤਾਂ ਤੇ ਮਰਦਾ ਦੇ ਹੱਕਾਂ ਲਈ ਉਹਨਾਂ ਨੂੰ ਮਸ਼ਾਲ ਬਣ ਜਗਣ ਤੇ ਭੈਭੀਤ ਹੋ ਕੇ ਜੀਊਣ ਨੂੰ ਵੰਗਾਰਦਾ ਆਖਦਾ ਹੈ-

"ਜਗਣਾ ਮਸ਼ਾਲ ਬਣ ਕੇ, ਜਿਊਣਾ ਮਿਸਾਲ ਬਣ ਕੇ ਛੁੱਪਣਾ ਨਾ ਓਹਲਿਆਂ ਵਿਚ ਧੜਿਆਂ ਜਾਂ ਟੋਲਿਆਂ ਵਿਚ ਜੀਵਨ ਦੇ ਪਲ ਨ ਡਰਨਾ, ਸਾਡੀ ਤਰਾਂ ਨ ਕਰਨਾ ਘੁਟ ਘੁਟ ਨ ਐਵੇਂ ਮਰਨਾ, ਐਲਾਨ ਹੋ ਕੇ ਜਿਉਣਾ"[12]

ਸੁਰਜੀਤ ਪਾਤਰ ਬ੍ਰਹਿਮੰਡ ਵਿਚਲੇ ਵਰਤਾਰੇ ਰਾਹੀ ਮਾਨਵੀ ਹੋਂਦ ਦੇ ਵਰਤਾਰੇ ਨੂੰ ਪੇਸ਼ ਕਰਦਾ ਹੈ-

"ਨਿੱਤ ਸੂਰਜਾਂ ਨੇ ਚੜ੍ਹਨਾ, ਨਿੱਤ ਸੂਰਜਾਂ ਨੇ ਲਹਿਣਾ ਪਰਬਤ ਤੋਂ ਸਾਗਰਾਂ ਵੱਲ ਨਦੀਆਂ ਨੇ ਰੋਜ਼ ਵਹਿਣਾ ਇਕ ਦੂਜੇ ਮਗਰ ਘੁੰਮਣਾ ਰੁੱਤਾਂ ਤੇ ਮੌਸਮਾਂ ਨੇ ਇਹ ਸਿਲਸਿਲਾ ਜੁਗੋ ਜੁਗ ਏਦਾਂ ਹੀ ਚੱਲਦਾ ਰਹਿਣਾ"[13]

ਸੁਰਜੀਤ ਪਾਤਰ ਦੇ ਕਈ ਅਜਿਹੇ ਸ਼ੇਅਰ ਜੋ ਮੁਹਾਵਰਿਆਂ ਵਾਂਗ ਲੋਕਾਂ ਦੇ ਮੂੰਹਾਂ ਤੇ ਚੜ੍ਹੇ ਹੋਏ ਹਨ ਜੋ ਆਪਣੇ ਆਪ ਹੀ ਢਹਿੰਦੀ ਕਲਾਂ ਤੋਂ ਚੜ੍ਹਦੀ ਕਲਾਂ ਦੇ ਪ੍ਰਤੀਕ ਹੋ ਨਿਬੜਦੇ ਹਨ-

"ਜੇ ਆਈ ਪੱਤਝੜ ਤਾਂ ਫੇਰ ਕੀ ਹੈ ਤੂੰ ਅਗਲੀ ਰੁੱਤ 'ਚ ਯਕੀਨ ਰੱਖੀਂ ਮੈਂ ਲੱਭ ਕੇ ਕਿਤਿਓਂ ਲਿਆਉਨਾਂ ਕਲਮਾਂ ਤੂੰ ਫੁੱਲਾਂ ਜੋਗੀ ਜ਼ਮੀਨ ਰੱਖੀਂ"[14]

ਅੰਤ ਅਸੀਂ ਕਹਿ ਸਕਦੇ ਹਾਂ ਕਿ ਸੁਰਜੀਤ ਪਾਤਰ ਨੇ ਹਮੇਸ਼ਾ ਈ ਆਸ ਤੇ ਨਿਰਾਸ ਨੂੰ ਇਕ ਦੂਜੇ ਵਿੱਚ ਘੋਲਦਿਆਂ ਇਕ ਦੂਜੇ ਵਿੱਚੋਂ ਉਦੈ ਹੁੰਦਿਆ ਪੇਸ਼ ਕੀਤਾ ਹੈ ਤੇ ਉਸਨੂੰ ਨਿਰਾਸ਼ਾ ਦੇ ਪੈਰ ਅਤੇ ਆਸ਼ਾ ਦੇ ਸਿਰ ਵਾਲਾ ਸ਼ਾਇਰ ਕਹਿਣਾ ਕੋਈ ਅਤਿਕਥਨੀ ਨਹੀਂ ਹੋਵੇਗੀ।

"ਦਮ ਰੱਖ ਪਾਤਰ ਦਮ ਰੱਖ

*Research Paper* © 2012 IJFANS. All Rights Reserved, 

ਆਸ ਨਾ ਛੱਡ ਦਿਲ ਥਮ ਰੱਖ

ਸੁਪਨੇ ਖੁਰਨ ਨ ਦੇਵੀਂ

ਅੱਖੀਆਂ ਭਾਵੇਂ ਨਮ ਰੱਖ"[15]

**ਹਵਾਲੇ (Reference)**

1. ਸੁਰਜੀਤ ਪਾਤਰ, ਸੁਰਜ਼ਮੀਨ, ਪੰਨਾ-79
2. https://www.punjabi kavita.com/PunjabiPoetrySurjitPatar
3. ਸੁਰਜੀਤ ਪਾਤਰ, ਚੰਨ ਸੂਰਜ ਦੀ ਵਹਿੰਗੀ ਪੰਨਾ-10
4. ਉਹੀ, ਬਿਰਖ ਅਰਜ਼ ਕਰੇ, ਪੰਨਾ-29
5. ਉਹੀ, ਹਵਾ ਵਿਚ ਲਿਖੇ ਹਰਫ਼, ਪੰਨਾ-33
6. ਉਹੀ, ਪੰਨਾ-13
7. ਉਹੀ, ਬਿਰਖ ਅਰਜ਼ ਕਰੇ, ਪੰਨਾ-89
8. ਉਹੀ, ਪੰਨਾ-19
9. https://www.punjabi kavita.com/PunjabiPoetrySurjitPatar
10. ਸੁਰਜੀਤ ਪਾਤਰ: ਰੁਕਣੀ ਨਹੀਂ ਕਹਾਣੀ, ਪੰਜਾਬੀ ਟ੍ਰਿਬਿਊਨ, 12 ਮਈ 2024
11. ਉਹੀ, ਹਵਾ ਵਿਚ ਲਿਖੇ ਹਰਫ਼,ਪੰਨਾ-28
12. https://www.punjabi kavita.com/PunjabiPoetrySurjitPatar.php#Patar78
13. ਉਹੀ, ਸੁਰਜ਼ਮੀਨ, ਪੰਨਾ-40
14. ਉਹੀ, ਪੰਨਾ-17
15. ਉਹੀ, ਲਫ਼ਜ਼ਾਂ ਦੀ ਦਰਗਾਹ, ਪੰਨਾ-71